Punjab Government Gazette

Published by Authority

No. 19] CHANDIGARH, FRIDAY, MAY 8, 2026 (VAISAKHA 18, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ

(ਡਿਸਏਬਿਲਟੀ ਸੈਲ)

ਨੋਟੀਫਿਕੇਸ਼ਨ

ਮਿਤੀ 16 ਜੁਲਾਈ, 2025

ਨੰ: SSWCD-10/161/2024-1DC/I/1153005/2005.- ਪੰਜਾਬ ਦੇ ਰਾਜਪਾਲ ਵੱਲੋਂ ਪ੍ਰਸੰਨਤਾ ਪੂਰਵਕ ਸੁਸ਼ਾਸਨ ਅਤੇ ਸੂਚਨਾ ਤਕਨਾਲੋਜੀ ਵਿਭਾਗ, ਪੰਜਾਬ ਨੂੰ ਆਰ.ਪੀ.ਡਬਲਿਊ.ਡੀਐਕਟ 2016 ਦੀ ਧਾਰਾ 40 ਦੇ ਤਹਿਤ ਰਾਜ ਸਰਕਾਰ ਦੇ ਸਮੂਹ ਵਿਭਾਗਾਂ ਦੀਆਂ ਵੈੱਬਸਾਈਟਾਂ ਦੇ ਵੈੱਬ ਪਹੁੰਚ ਯੋਗਤਾ ਆਡੀਟਰ ਲਈ ਨੋਡਲ ਵਿਭਾਗ ਵਜੋਂ ਨਿਯੁਕਤ ਕੀਤਾ ਜਾਂਦਾ ਹੈ।

2. ਨੋਡਲ ਵਿਭਾਗ ਇਸ ਨੋਟੀਫਿਕੇਸ਼ਨ ਦੇ ਜਾਰੀ ਹੋਣ ਤੋਂ 3 ਮਹੀਨਿਆਂ ਦੇ ਅੰਦਰ-ਅੰਦਰ ਪੰਜਾਬ ਰਾਜ ਦੀਆਂ ਸਾਰੀਆਂ ਵੈੱਬਸਾਈਟਾਂ, ਸਮੇਤ ਬੋਰਡ ਕਾਰਪੋਰੇਸ਼ਨਾਂ/ਉਨ੍ਹਾਂ ਦੇ ਅਧੀਨ ਆਉਂਦੇ ਖੇਤਰੀ ਦਫ਼ਤਰਾਂ ਦਾ ਐਸਸ ਆਡਿਟ ਯਕੀਨੀ ਬਣਾਏਗਾ। ਜਿਸ ਲਈ ਪੰਜਾਬ ਰਾਜ ਦੇ ਸਮੂਹ ਵਿਭਾਗ ਇਸ ਨੋਟੀਫਿਕੇਸ਼ਨ ਦੇ ਜਾਰੀ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਉਕਤ ਦੱਸੇ ਗਏ ਅਸੈਸ ਆਡਿਟ ਲਈ DGRPG ਨਾਲ ਤਾਲਮੇਲ ਕਰਨਗੇ।

ਕੰਮ ਦਾ ਦਾਇਰਾ:

1. ਨੋਡਲ ਵਿਭਾਗ ਦੀ ਦਿਵਿਆਂਗ ਵਿਅਕਤੀਆਂ ਲਈ ਵੈੱਬ ਐਪਲੀਕੇਸ਼ਨਾਂ ਦੀ ਪਹੁੰਚ ਯੋਗਤਾ ਦਾ ਮੁਲਾਂਕਣ ਅਤੇ ਮੁਲਾਂਕਣ ਕਰਵਾਉਣ ਸਬੰਧੀ ਜ਼ਿੰਮੇਵਾਰੀ ਹੋਵੇਗੀ।
2. ਵੈੱਬਸਾਈਟਾਂ ਦਾ ਪਹੁੰਚਯੋਗਤਾ ਆਡਿਟ, ਜਿਸ ਵਿੱਚ ਡਿਜ਼ਾਈਨਿੰਗ, ਨੈਵੀਗੇਸ਼ਨ ਦੀ ਸੌਖ, ਵਿਜ਼ੂਅਲ ਸੂਚਕਾਂ ਦੀ ਵਰਤੋਂ, ਕੰਟ੍ਰਾਸਟ ਅਤੇ ਕਲਰ, ਸਕ੍ਰੀਨ ਰੀਡਰਾਂ ਲਈ ਚਿੱਤਰ ਲਈ ਟੈਕਸਟ ਵਿਕਲਪਾਂ ਦੀ ਉਪਲਬਧਤਾ ਆਦਿ ਸ਼ਾਮਲ ਹਨ ਤੱਕ ਸੀਮਿਤ ਨਾ ਰਹਿੰਦੇ ਹੋਏ ਆਰ.ਪੀ.ਡਬਲਿਯੂ.ਡੀ ਨਿਯਮਾਂ ਦੇ ਨਿਯਮ 15 ਦੇ ਤਹਿਤ ਸੂਚਿਤ ਪਹੁੰਚ ਯੋਗਤਾ ਮਿਆਰਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।
3. ਵੱਖ-ਵੱਖ ਵੈੱਬ ਐਪਲੀਕੇਸ਼ਨਾਂ 'ਤੇ ਪਹੁੰਚਯੋਗਤਾ ਵਿਸ਼ੇਸ਼ਤਾਵਾਂ ਦੇ ਸਟੇਟਸ ਤੇ ਦਸਤਾਵੇਜ਼ੀਕਰਨ ਅਤੇ ਰਿਪੋਰਟਿੰਗ ਕਰਨੀ।
4. ਗੈਰ-ਪਾਲਣਾ ਦੇ ਖੇਤਰਾਂ ਨੂੰ ਉਜਾਗਰ ਕਰਨ ਅਤੇ ਸੁਧਾਰਾਤਮਕ ਉਪਾਵਾਂ ਦਾ ਸੁਝਾਅ ਦੇਣ ਵਾਲੀਆਂ ਵਿਸਤ੍ਰਿਤ ਰਿਪੋਰਟਾਂ ਪ੍ਰਦਾਨ ਕਰਨਾ।

5. ਪਹੁੰਚਯੋਗਤਾ ਜ਼ਰੂਰਤਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵੈੱਬ ਐਪਲੀਕੇਸ਼ਨਾਂ ਦੇ ਡਿਜ਼ਾਈਨ, ਨਿਰਮਾਣ ਅਤੇ ਰੱਖ-ਰਖਾਅ ਵਿੱਚ ਸ਼ਾਮਲ ਹਿੱਸੇਦਾਰਾਂ ਲਈ ਸਮਾਜਿਕ ਸੁਰੱਖਿਆ ਵਿਭਾਗ ਨਾਲ ਸਾਂਝੇ ਤੌਰ ਤੇ ਸਿਖਲਾਈ ਸੈਸ਼ਨ ਜਾਂ ਵਰਕਸ਼ਾਪਾਂ ਨੂੰ ਆਯੋਜਨ ਕਰਨਾ।

6. ਸਿਫਾਰਸ਼ ਕੀਤੇ ਉਪਾਵਾਂ ਦੇ ਲਾਗੂਕਰਨ ਦੀ ਨਿਗਰਾਨੀ ਅਤੇ ਮੁਲਾਂਕਣ ਕਰਨਾ, ਇਹ ਯਕੀਨੀ ਬਣਾਉਣ ਲਈ ਕਿ ਉਹ ਪ੍ਰਭਾਵਸ਼ਾਲੀ ਢੰਗ ਨਾਲ ਸ਼ਾਮਲ ਕੀਤੇ ਗਏ ਹਨ ਅਤੇ ਵੈੱਬ ਪਹੁੰਚਯੋਗਤਾ ਮਾਪਦੰਡਾਂ ਦੀ ਪਾਲਣਾ ਕਰਦੇ ਹਨ।

7. ਨਿਰੰਤਰ ਪੇਸ਼ੇਵਰ ਵਿਕਾਸ ਦੁਆਰਾ ਵੈੱਬ ਪਹੁੰਚਯੋਗਤਾ ਮਿਆਰਾਂ ਅਤੇ ਨਿਯਮਾਂ ਵਿੱਚ ਤਬਦੀਲੀਆਂ ਕਰਨ ਸਬੰਧੀ ਅੱਪਡੇਟ ਰਹਿਣਾ।

ਨੋਡਲ ਵਿਭਾਗ ਲਈ ਇਹ ਜਰੂਰੀ ਹੋਵੇਗਾ ਕਿ ਉਹ ਦਿਵਿਆਂਗਜਨਾ ਲਈ ਵਧੇਰੇ ਸਮਾਵੇਸ਼ੀ ਅਤੇ ਪਹੁੰਚਯੋਗ ਵਾਤਾਵਰਣ ਬਣਾਉਣ ਵਿੱਚ ਯੋਗਦਾਨ ਪਾਉਣ ਲਈ ਸਮਾਜਿਕ ਸੁਰੱਖਿਆ ਵਿਭਾਗ ਅਤੇ ਹੋਰ ਸਬੰਧਤਾਂ/ਵਿਭਾਗਾਂ ਨਾਲ ਮਿਲ ਕੇ ਕੰਮ ਕਰੇ। ਵਿਭਾਗ ਦੁਆਰਾ ਦਰਸਾਈਆਂ ਗਈਆਂ ਖਾਸ ਜ਼ਰੂਰਤਾਂ ਅਤੇ ਤਰਜੀਹਾਂ ਅਤੇ ਲਾਗੂ ਕਾਨੂੰਨੀ ਢਾਂਚੇ ਦੇ ਅਧਾਰ ਤੇ ਕੰਮ ਦਾ ਦਾਇਰਾ ਵੱਖੋ ਵੱਖਰਾ ਹੋ ਸਕਦਾ ਹੈ।

ਸਹੀ/-

ਰਾਜੀ ਪੀ.ਸ਼੍ਰੀਵਾਸਤਵਾ, ਆਈ.ਏ.ਐਸ.,

ਵਿਸ਼ੇਸ਼ ਮੁੱਖ ਸਕੱਤਰ, ਪੰਜਾਬ ਸਰਕਾਰ,

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ

ਬਾਲ ਵਿਕਾਸ ਵਿਭਾਗ, ਪੰਜਾਬ।

ਚੰਡੀਗੜ੍ਹ

ਮਿਤੀ 15 ਜੁਲਾਈ, 2025

3709/5-2026/Pb. Govt. Press, S.A.S. Nagar